# ਮੀਡੀਆ ਲਈ ਜਾਰੀ

ਸ਼ੁੱਕਰਵਾਰ 17 ਜੁਲਾਈ 2020

GREATER SHEPPARTON

## ਕੌਂਸਿਲ ਵਸਨੀਕਾਂ ਨੂੰ COVID-19 ਦੇ ਸਿਹਤ ਆਦੇਸ਼ ਦੀ ਪਾਲਣਾ ਕਰਨ ਦੀ ਮਹੱਤਤਾ ਬਾਰੇ ਯਾਦ ਦਿਵਾਉਂਦੀ ਹੈ

ਗਰੇਟਰ ਸ਼ੈਪਰਟਨ ਸਿਟੀ ਕੌਂਸਿਲ ਵਸਨੀਕਾਂ ਨੂੰ ਸਰੀਰਕ ਦੂਰੀ, ਸਾਫ-ਸਫਾਈ ਅਤੇ ਸਿਹਤ ਆਦੇਸ਼ ਦੀ ਪਾਲਣਾ ਕਰਨ ਦੀ ਮਹੱਤਤਾ ਬਾਰੇ ਯਾਦ ਦਿਵਾਉਂਦੀ ਹੈ ਕਿਉਂਕਿ ਵਿਕਟੋਰੀਆ COVID-19 ਦੇ ਮਾਮਲਿਆਂ ਵਿੱਚ ਵਾਧੇ ਦਾ ਸਾਹਮਣਾ ਕਰ ਰਿਹਾ ਹੈ।

ਹੁਣ 1.5 ਮੀਟਰ ਸਰੀਰਕ ਦੂਰੀ ਬਣਾਈ ਰੱਖਣਾ, ਆਪਣੇ ਹੱਥ ਧੋਣਾ, ਜੇ ਤੁਸੀਂ ਬਿਮਾਰ ਮਹਿਸੂਸ ਕਰ ਰਹੇ ਹੋ ਤਾਂ ਘਰ ਵਿੱਚ ਰਹਿਣਾ, ਅਤੇ ਜੇ ਤੁਸੀਂ ਕੋਈ ਲੱਛਣ ਵਿਖਾਉਂਦੇ ਹੋ ਤਾਂ ਟੈਸਟ ਕਰਵਾਉਣ ਵਿੱਚ ਪਹਿਲਾਂ ਦੀ ਤਰ੍ਹਾਂ ਉੱਦਮ ਵਿਖਾਉਣਾ ਹਮੇਸ਼ਾਂ ਜਿੰਨਾ ਹੀ ਮਹੱਤਵਪੂਰਣ ਹੈ।

COVID-19 ਦੇ ਆਮ ਲੱਛਣਾਂ ਵਿੱਚ ਸ਼ਾਮਲ ਹਨ ਬੁਖਾਰ, ਸੁੱਕੀ ਖੰਘ, ਥਕਾਵਟ, ਸਰੀਰ ਦੁਖਣਾ ਅਤੇ ਪੀੜਾਂ, ਖਰਾਬ ਗਲਾ, ਦਸਤ, ਅੱਖਾਂ ਦਾ ਆਉਣਾ, ਸਿਰ ਦਰਦ, ਸਵਾਦ ਜਾਂ ਸੁੰਘਣ ਵਿੱਚ ਕਮੀ, ਚਮੜੀ ਉੱਤੇ ਧੱਫੜ ਜਾਂ ਹੱਥਾਂ-ਪੈਰਾਂ ਦੀਆਂ ਉਂਗਲਾਂ ਜਾਂ ਪੋਟਿਆਂ ਦੇ ਰੰਗ ਦਾ ਫਿੱਕਾ ਪੈਣਾ।

ਗੰਭੀਰ ਲੱਛਣਾਂ ਵਿੱਚ ਸਾਹ ਲੈਣ ਵਿੱਚ ਮੁਸ਼ਕਿਲ ਜਾਂ ਸਾਹ ਵਿੱਚ ਕਮੀ, ਛਾਤੀ ਵਿੱਚ ਦਰਦ ਜਾਂ ਦਬਾਅ ਜਾਂ ਬੋਲਣ ਜਾਂ ਹਿੱਲਣ ਜੁੱਲਣ ਵਿੱਚ ਕਮੀ ਸ਼ਾਮਲ ਹੋ ਸਕਦੀ ਹੈ।

ਖੇਤਰੀ ਵਿਕਟੋਰੀਆ ਵਾਸਤੇ ਕਿਸੇ ਵੀ ਸਮੇਂ ਸਥਾਪਤ ਕੀਤੀਆਂ ਗਈਆਂ ਪਾਬੰਦੀਆਂ ਨੂੰ ਸਿਹਤ ਅਤੇ ਮਨੁੱਖੀ ਸੇਵਾਵਾਂ ਦੇ ਵਿਭਾਗ (DHHS) ਦੀ ਵੈਬਸਾਈਟ ਉੱਤੇ ਵੇਖਿਆ ਜਾ ਸਕਦਾ ਹੈ, ਅਤੇ ਵਸਨੀਕਾਂ ਨੂੰ ਯਾਦ ਕਰਵਾਇਆ ਜਾਂਦਾ ਹੈ ਕਿ ਇਹਨਾਂ ਦੀ ਪਾਲਣਾ ਕੀਤੇ ਜਾਣ ਦੀ ਲੋੜ ਹੈ।

ਵਰਤਮਾਨ ਸਮੇਂ ਵਿਕਟੋਰੀਆ ਵਿੱਚ ਤੁਸੀਂ ਆਪਣੇ ਘਰ ਵਿੱਚ ਕੇਵਲ ਪੰਜ ਲੋਕਾਂ ਦਾ ਸਵਾਗਤ ਕਰ ਸਕਦੇ ਹੋ, ਆਪਣੇ ਘਰ ਦੇ ਜੀਆਂ ਨੂੰ ਛੱਡ ਕੇ, ਅਤੇ ਬਾਹਰ ਇਕ ਸਮੂਹ ਵਜੋਂ ਇਕੱਠੇ ਹੋ ਸਕਦੇ ਹੋ ਪਰ ਗਿਣਤੀ ਵਿੱਚ 10 ਤੋਂ ਵੱਧ ਲੋਕ ਨਹੀਂ ਹੋਣੇ ਚਾਹੀਦੇ ਹਨ।

ਪਿਛਲੇ ਹਫਤੇ ਵਿਕਟੋਰੀਆ ਦੇ ਪ੍ਰੀਮੀਅਰ ਨੇ ਐਲਾਨ ਕੀਤਾ ਸੀ ਕਿ ਮੈਲਬੌਰਨ ਮਹਾਂਨਗਰ ਅਤੇ ਮਿਸ਼ੈਲ ਸ਼ਾਇਰ ਛੇ ਹਫਤਿਆਂ ਲਈ ਪੜਾਅ 3 ਦੀਆਂ ਪਾਬੰਦੀਆਂ ਵਿੱਚ ਮੁੜ ਦਾਖਲ ਹੋਣਗੇ।

ਕੌਂਸਿਲ ਵਸਨੀਕਾਂ ਨੂੰ ਯਾਦ ਦਿਵਾਉਂਦੀ ਹੈ ਕਿ ਹਾਲਾਂਕਿ ਗਰੇਟਰ ਸ਼ੈਪਰਟਨ ਵਰਤਮਾਨ ਸਮੇਂ ਵਿੱਚ ਪੜਾਅ 3 ਦੀਆਂ ਪਾਬੰਦੀਆਂ ਤੋਂ ਬਚਿਆ ਹੋਇਆ ਹੈ, ਪਰ ਸੰਤੁਸ਼ਟੀ ਦਾ ਨਤੀਜਾ ਇਹ ਨਿਕਲ ਸਕਦਾ ਹੈ ਕਿ ਅੱਗੇ ਵੀ ਅਜਿਹਾ ਨਹੀਂ ਰਹੇਗਾ।

ਪੜਾਅ 3 ਦੀਆਂ ਪਾਬੰਦੀਆਂ ਵਾਲੇ ਖੇਤਰਾਂ ਤੋਂ ਬਾਹਰ ਵਿਕਟੋਰੀਆ ਵਾਸੀਆਂ ਨੂੰ ਪਰਿਵਾਰਾਂ ਅਤੇ ਦੋਸਤਾਂ ਨੂੰ ਮਿਲਣ ਜਾਣ ਸਮੇਂ ਆਮ ਸਮਝ ਵਰਤਣ ਦੀ ਅਪੀਲ ਕੀਤੀ ਜਾ ਰਹੀ ਹੈ ਜੋ ਉਹਨਾਂ ਪਾਬੰਦੀਆਂ ਵਾਲੇ ਖੇਤਰਾਂ ਵਿੱਚ ਹਨ, ਖਾਸ ਕਰਕੇ ਉਹਨਾਂ ਲੋਕਾਂ ਨੂੰ ਜੋ ਵਧੇਰੇ ਨਿਤਾਣੇ ਹਨ।

ਹੁਣ ਵਾਸਤੇ, ਇਸਦਾ ਮਤਲਬ ਇਹ ਹੈ ਉਹਨਾਂ ਨੂੰ ਮਿਲਣ ਜਾਣ ਲਈ COVID-19 ਦੀ ਮਾਰ ਹੇਠ ਆਏ ਇਲਾਕਿਆਂ ਵਿੱਚ ਦਾਖਲ ਹੋਣ ਦੀ ਬਜਾਏ ਫੋਨ, ਸੋਸ਼ਲ ਮੀਡੀਆ, ਫੇਸਟਾਈਮ, ਜ਼ੂਮ ਅਤੇ ਵੱਟਸਐਪ ਰਾਹੀਂ ਉਹਨਾਂ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਵਿਕਟੋਰੀਆ ਵਿੱਚ ਕੇਸਾਂ ਵਿੱਚ ਤਾਜ਼ਾ ਵਾਧੇ ਦੇ ਨਾਲ ਅੱਜ ਤੱਕ ਸਰਗਰਮ ਮਾਮਲਿਆਂ ਦੀ ਗਿਣਤੀ 2128 ਤੱਕ ਪਹੁੰਚ ਗਈ ਹੈ, ਜਦਕਿ ਦੁਖਦਾਈ ਤੌਰ ਤੇ 29 ਵਿਕਟੋਰੀਆ ਵਾਸੀ COVID-19 ਦੇ ਨਾਲ ਗੁਜ਼ਰ ਗਏ ਹਨ। ਵਿਕਟੋਰੀਆ ਅਜੇ ਵੀ 19 ਜੁਲਾਈ 2020, 11:59 ਵਜੇ ਤੱਕ ਐਮਰਜੈਂਸੀ ਰਾਜ ਦੇ ਅਧੀਨ ਹੈ।

**ਮੀਡੀਆ ਪੁੱਛ-ਗਿੱਛਾਂ ਮਾਈਕ ਮੈਟਿੰਗਲੀ** 5832 9537 mick.mattingly@shepparton.com.au

ਮੀਡੀਆ ਰਿਲੀਜ਼ ਨੂੰ ਔਨਲਾਈਨ ਇੱਥੇ ਵੇਖਿਆ ਜਾ ਸਕਦਾ ਹੈ www.greatershepparton.com.au

# ਮੀਡੀਆ ਲਈ ਜਾਰੀ

ਸ਼ੁੱਕਰਵਾਰ 17 ਜੁਲਾਈ 2020

GREATER SHEPPARTON

"ਅਸੀਂ ਅੱਜ ਤੱਕ ਕੀਤੀ ਗਈ ਸਖਤ ਮਿਹਨਤ ਲਈ ਸਾਡੇ ਭਾਈਚਾਰੇ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ। ਤੁਹਾਡੀਆਂ ਸਾਰੀਆਂ ਕੋਸ਼ਿਸ਼ਾਂ ਕਰਕੇ ਸਾਨੂੰ ਪੜਾਅ 3 ਦੀਆਂ ਪਾਬੰਦੀਆਂ ਵਿੱਚ ਵਾਪਸ ਨਹੀਂ ਲਿਆਂਦਾ ਗਿਆ, ਪਰ ਇਹ ਮਹੱਤਵਪੂਰਨ ਹੈ ਕਿ ਅਸੀਂ ਸੰਤੁਸ਼ਟ ਨਾ ਹੋਈਏ, ਖਾਸ ਕਰਕੇ COVID ਦੇ ਏਨੇ ਜ਼ਿਆਦਾ ਛੂਤਕਾਰੀ ਹੋਣ ਕਰਕੇ" ਮੇਅਰ ਕੌਂਸਲਰ ਸੀਮਾ ਅਬਦੁੱਲਾ ਨੇ ਕਿਹਾ।

"ਪਿਛਲੇ ਪੰਦਰਵਾੜੇ ਵਿੱਚ ਗਰੇਟਰ ਸ਼ੈਪਰਟਨ ਵਿੱਚ ਰਿਪੋਰਟ ਕੀਤੇ ਗਏ ਤਿੰਨ ਸਰਗਰਮ ਮਾਮਲੇ ਭਾਈਚਾਰੇ ਨੂੰ ਇਹ ਯਾਦ ਦਿਵਾਉਣ ਦਾ ਕੰਮ ਕਰਦੇ ਹਨ ਕਿ ਇਹ ਵਾਇਰਸ ਇੱਥੋਂ ਨਹੀਂ ਗਿਆ ਹੈ। ਇਹ ਅਜੇ ਵੀ ਸਾਡੇ ਨਾਲ ਨਾਲ ਹੈ, ਅਤੇ ਕੁਝ ਸਮੇਂ ਲਈ ਰਹੇਗਾ। ਅਸੀਂ ਆਪਣੇ ਭਾਈਚਾਰੇ ਨੂੰ ਕਹਿ ਰਹੇ ਹਾਂ; ਕਿਰਪਾ ਕਰਕੇ ਆਪਣੇ ਆਪ ਨੂੰ ਜਾਂ ਆਪਣੇ ਭਾਈਚਾਰੇ ਨੂੰ ਖਤਰੇ ਵਿੱਚ ਨਾ ਪਾਓ।

"ਜੇ ਗਰੇਟਰ ਸ਼ੈਪਪਰਟਨ ਵਿੱਚ ਕੇਸਾਂ ਦੀ ਸੰਖਿਆ ਵੱਧ ਜਾਂਦੀ ਹੈ, ਤਾਂ ਭਾਈਚਾਰੇ ਨੂੰ ਇਹ ਜਾਣਨ ਦੀ ਲੋੜ ਹੈ ਕਿ ਇਹ ਸੰਭਵ ਹੈ ਕਿ ਸ਼ਾਇਦ ਅਸੀਂ ਵਾਪਸ ਪੜਾਅ 3 ਦੀਆਂ ਪਾਬੰਦੀਆਂ ਦੇ ਅਧੀਨ ਆ ਜਾਵਾਂਗੇ।

"ਸਾਨੂੰ ਇਸ ਤਰੀਕੇ ਨਾਲ ਰਹਿਣ ਦੀ ਲੋੜ ਹੈ ਜਿੱਥੇ ਅਸੀਂ, ਜਾਂ ਹੋਰ ਲੋਕ ਵਾਇਰਸ ਨੂੰ ਲੈ ਕੇ ਜਾ ਰਹੇ ਹੋ ਸਕਦੇ ਹਨ – ਸਾਨੂੰ ਸੰਭਲ ਕੇ ਅਤੇ ਸਾਵਧਾਨ ਰਹਿਣ ਦੀ ਲੋੜ ਹੈ, ਕਿਉਂਕਿ ਹੋ ਸਕਦਾ ਹੈ ਵਾਇਰਸ ਤੁਹਾਡੇ ਲਈ ਘਾਤਕ ਨਾ ਹੋਵੇ, ਪਰ ਇਹ ਹੋਰਨਾਂ ਵਾਸਤੇ ਨਿਸ਼ਚਿਤ ਤੌਰ ਉੱਤੇ ਹੋ ਸਕਦਾ ਹੈ।"

ਵਿਕਟੋਰੀਆ ਵਾਸਤੇ ਤਾਜ਼ਾ COVID-19 ਸਲਾਹ ਏਥੇ ਵੇਖੀ ਜਾ ਸਕਦੀ ਹੈ: https://www.dhhs.vic.gov.au/coronavirus

COVID-19 ਬਾਰੇ ਅਨੁਵਾਦ ਕੀਤੀ ਜਾਣਕਾਰੀ ਵਾਸਤੇ, ਕਿਰਪਾ ਕਰਕੇ ਇੱਥੇ ਜਾਓ:
https://www.dhhs.vic.gov.au/translated-resources-coronavirus-disease-covid-19

**ਮੀਡੀਆ ਪੁੱਛ-ਗਿੱਛਾਂ ਮਾਈਕ ਮੈਟਿੰਗਲੀ** 5832 9537 mick.mattingly@shepparton.com.au
ਮੀਡੀਆ ਰਿਲੀਜ਼ ਨੂੰ ਔਨਲਾਈਨ ਇੱਥੇ ਵੇਖਿਆ ਜਾ ਸਕਦਾ ਹੈ www.greatershepparton.com.au